ਵਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਇੰਜੀਨੀਅਰਿੰਗ/ਬਹੁਤਕਨੀਕੀ ਕਾਲਜ,

ਮੀਮੋ ਨੰ: 1 ਟੀਈ/ਪੀ.ਐਮ.ਐਸ./ 2861 – 3061
ਮਿਤੀ: 20/9/12

ਵਿਸ਼ਾ: **Meeting regarding disbursement of Scholarship for SC Students under Welfare Scheme through Online Management System (OMS) be held on 08.08.2012.**

ਇਹ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਸਕੱਤਰ ਪੰਜਾਬ ਸਰਕਾਰ ਦੀ ਪ੍ਰਧਾਨਗੀ ਹੇਠ ਮਿਤੀ 08.08.2012 ਨੂੰ ਬਾਅਦ ਦੁਪਹਿਰ 03.30 ਵਜੇ ਪੰਜਾਬ ਸਿਵਲ ਸਕੱਤਰੇਤ, ਛੇਵੀਂ ਮੰਜਿਲ, ਕਮੇਟੀ ਰੂਮ, ਚੰਡੀਗੜ੍ਹ ਵਿਖੇ ਭਲਾਈ ਵਿਭਾਗ ਦੀਆਂ ਵਿਦਿਅਕ ਭਲਾਈ ਸਕੀਮਾਂ ਅਧੀਨ ਵਜੀਫੇ ਦੀ ਅਦਾਇਗੀ ਆਨ ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਕਰਨ ਬਾਰੇ ਮੀਟਿੰਗ ਹੋਈ ਸੀ। ਇਸ ਮੀਟਿੰਗ ਦੀ ਕਾਰਵਾਈ ਰਿਪੋਰਟ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ਸ/17/731-40 ਮਿਤੀ 21.08.2012 ਰਾਹੀਂ ਪ੍ਰਾਪਤ ਹੋਈ ਹੈ, ਜਿਸ ਦੀ ਵਿਭਾਗ ਨਾਲ ਸਬੰਧਤ ਟੁੱਕ ਨਾਲ ਨੱਥੀ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਨੱਥੀ/ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

17/9/12

ਸਿੱਖਿਆ ਵਿਭਾਗ (ਕਾਲਜਾਂ)

ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਰਾਹੀਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋਏ ਪ੍ਰਮੁੱਖ ਸਕੱਤਰ ਵੱਲੋਂ ਤਜਵੀਜ ਕੀਤਾ ਗਿਆ ਕਿ ਕੁੱਝ ਸੂਚੀਆਂ ਸਪਲਾਈ ਕੀਤੀਆਂ ਜਾ ਚੁੱਕੀਆਂ ਹਨ ਅਤੇ ਬਾਕੀ ਰਹਿੰਦੀਆਂ ਸੂਚੀਆਂ ਸ਼ੀਘਰ ਹੀ ਭੇਜ ਦਿੱਤੀਆਂ ਜਾਣਗੀਆਂ।

ਤਕਨੀਕੀ ਸਿੱਖਿਆ ਵਿਭਾਗ

ਸਕੱਤਰ ਭਲਾਈ ਨੇ ਇਹ ਨੁਕਤਾ ਉਠਾਇਆ ਕਿ ਜੋ ਸੂਚੀਆਂ ਸਾਲ 2011-12 ਨਾਲ ਸਬੰਧਤ ਵਿਦਿਆਰਥੀਆਂ ਦੀਆਂ ਭੇਜੀਆਂ ਗਈਆਂ ਹਨ, ਉਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਵਿਖਾਈ ਗਈ ਹੈ, ਹੋ ਸਕਦਾ ਹੈ ਕਿ ਇਹ ਸੂਚੀਆਂ ਮੁਕੰਮਲ ਨਾ ਹੋਣ ਅਤੇ ਪੂਰਣ ਤੌਰ ਤੇ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਕਵਰ ਨਾ ਕੀਤੇ ਗਏ ਹੋਣ। ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਵੱਲੋਂ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਨੂੰ ਕਿਹਾ ਗਿਆ ਕਿ ਇਨ੍ਹਾਂ ਸੂਚੀਆਂ ਦੀ ਮੁੜ ਤੋਂ ਪੜਚੋਲ ਕਰਕੇ ਰਹਿ ਗਏ ਵਿਦਿਆਰਥੀਆਂ ਬਾਰੇ ਵੀ ਜਾਣਕਾਰੀ ਤੁਰੰਤ ਭੇਜੀ ਜਾਵੇ। ਤਕਨੀਕੀ ਸਿੱਖਿਆ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਪ੍ਰਮੁੱਖ ਸਕੱਤਰ ਵੱਲੋਂ ਦੱਸਿਆ ਗਿਆ ਕਿ ਸਾਲ 2011-12 ਨਾਲ਼ ਸਬੰਧਤ ਸੂਚੀਆਂ ਭੇਜ ਦਿੱਤੀਆਂ ਹਨ ਅਤੇ ਸਾਲ 2012-13 ਨਾਲ ਸਬੰਧਤ ਸੂਚੀਆਂ ਇਕੱਤਰ ਕਰਕੇ ਸ਼ੀਘਰ ਭਲਾਈ ਵਿਭਾਗ ਨੂੰ ਭੇਜ ਦਿੱਤੀਆਂ ਜਾਣਗੀਆਂ।

ਖੋਜ ਤੇ ਮੈਡੀਕਲ ਸਿੱਖਿਆ ਵਿਭਾਗ